**DISTRICT LEGAL SERVICES AUTHORITY, FAZILKA**
**01638-261500, Toll Free: 15100**
**Email: dtlsa.fzk@punjab.gov.in**

Dharminder Paul Singla
District & Sessions Judge
Chairman, DLSA.

DLSA/ 2025/4281
Dated 14/11/2025

## ਨੋਟਿਸ

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜਿਲਕਾ ਦੁਆਰਾ ਫਾਜਿਲਕਾ, ਅਬੋਹਰ ਅਤੇ ਜਲਾਲਾਬਾਦ ਦੇ ਪਿੰਡਾਂ/ਸ਼ਹਿਰਾਂ ਵਿਖੇ ਪੈਰਾ ਲੀਗਲ ਵਲਟੀਅਰਜ਼ ਦੀ ਨਿਯੁਕਤੀ ਕੀਤੀ ਜਾਣੀ ਹੈ। ਇਸ ਸਬੰਧ ਵਿਚ ਯੋਗ ਉਮੀਦਵਾਰਾਂ ਤੋਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ।

**ਯੋਗਤਾ:-** ਘੱਟੋਂ-ਘੱਟ ਮੈਟ੍ਰਿਕ ਪਾਸ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।

**ਅਰਜ਼ੀ ਦੇਣ ਦੀ ਆਖਰੀ ਮਿਤੀ:-** 17.11.2025 ਸ਼ਾਮ 5 ਵਜੇ ਤੱਕ

**ਸਥਾਨ:-** ਕਮਰਾ ਨੰ. 29, ਫਰੰਟ ਆਫਿਸ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸਮਝੌਤਾ ਸਦਨ, ਜੂਡੀਸ਼ੀਅਲ ਕੋਰਟ ਕੰਪਲੈਕਸ ਫਾਜਿਲਕਾ।

**ਇੰਟਰਵਿਊ ਟੈਸਟ ਦੀ ਮਿਤੀ:-** https://fazilka.dcourts.gov.in/document-category/notification/ ਤੋਂ ਚੈੱਕ ਕੀਤੀ ਜਾਵੇ

**ਭੱਤਾ:** ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਬਤੌਰ ਪੈਰਾ ਲੀਗਲ ਵਲਟੀਅਰਜ਼ ਸੇਵਾਵਾਂ ਦੇਣ ਵਾਲੇ ਪ੍ਰਾਰਥੀ ਨੂੰ ਤਨਖਾਹ/ ਮਿਹਨਤਾਨਾ ਨਹੀਂ ਦਿਤਾ ਜਾਵੇਗਾ। ਉਹਨਾਂ ਨੂੰ ਬਤੌਰ ਪੀ.ਐਲ.ਵੀ ਨਿਯੁਕਤ ਹੋ ਜਾਣ ਉਪਰੰਤ ਬਤੌਰ ਮਾਣਭੱਤਾ 800/- ਰੁਪਏ ਸਿਰਫ ਉਸ ਦਿਨ ਲਈ ਹੀ ਦਿੱਤੇ ਜਾਣਗੇ, ਜਿਸ ਦਿਨ ਪੀ.ਐਲ.ਵੀ. ਨੂੰ ਦਫਤਰ ਜਿਲਾ ਕਾਨੂਨੀ ਸੇਵਾਵਾਂ ਅਥਾਰਟੀ ਵੱਲੋਂ ਕੰਮ ਕਰਨ ਲਈ ਮਿਲੇਗਾ। ਇਸ ਮਾਣਭੱਤੇ ਵਿਚ ਕੇਵਲ ਵਾਧਾ ਜਾਂ ਕਟੌਤੀ ਕੇਵਲ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ ਜੀ ਦੁਆਰਾ ਸਮੇਂ-ਸਮੇਂ ਸਿਰ ਨਿਸ਼ਚਿਤ ਕੀਤੇ ਜਾਣ ਵਾਲੇ ਨਿਯਮਾਂ ਅਨੁਸਾਰ ਹੀ ਹੋਵੇਗੀ।

**ਪੈਰਾ ਲੀਗਲ ਵਲਟੀਅਰਜ਼ ਦੇ ਕੰਮ:** ਕਾਨੂੰਨੀ ਜਾਗਰੂਕਤਾ ਫੈਲਾਉਣਾ, ਸਮਾਜ ਵਿਚ ਹੋ ਰਹੀ ਕਿਸੇ ਵੀ ਵਧੀਕਾਂ ਦੀ ਰਿਪੋਰਟ ਕਰਨਾ, ਮੁਫਤ ਕਾਨੂੰਨੀ ਸਹਾਇਤਾ ਦਿਵਾਉਣਾ, ਲੋੜਵੰਦ ਲੋਕਾਂ ਦੀ ਮਦਦ ਕਰਨਾ, ਲੋਕਾਂ ਨੂੰ ਲੋਕ ਅਦਾਲਤਾਂ, ਮੈਡੀਏਸ਼ਨ ਸੈਂਟਰ ਅਤੇ ਸਥਾਈ ਲੋਕ ਅਦਾਲਤਾਂ ਦੀ ਜਾਣਕਾਰੀ ਦੇਣਾ, ਲੀਗਲ ਏਡ ਕਲੀਨਿਕ ਚਲਾਉਣਾ ਅਤੇ ਫਰੰਟ ਆਫਿਸ ਸਬੰਧੀ ਡਿਊਟੀ ਆਦਿ

**DISTRICT LEGAL SERVICES AUTHORITY, FAZILKA**
**01638-261500, Toll Free: 15100**
**Email: dtlsa.fzk@punjab.gov.in**

Dharminder Paul Singla
District & Sessions Judge
Chairman, DLSA.

DLSA/ 2025/4281
Dated 14/11/2025

**ਗਰੁੱਪ/ ਵਿਅਕਤੀ ਜਿਨਾਂ ਵਿਚੋਂ ਪੈਰਾ ਲੀਗਲ ਵਲੰਟੀਅਰਜ਼ ਚੁਣੇ ਜਾਣਗੇ:-**

1. ਅਧਿਆਪਕ (ਸਮੇਤ ਰਿਟਾਇਰਡ ਅਧਿਆਪਕ)
2. ਰਿਟਾਇਰਡ ਸਰਕਾਰੀ ਮੁਲਾਜਮ ਅਤੇ ਸੀਨੀਅਰ ਸਿਟੀਜਨ।
3. ਐਮ.ਐਸ.ਡਬਲਿਊ ਦੇ ਵਿਦਿਆਰਥੀ ਅਤੇ ਅਧਿਆਪਕ।
4. ਆਂਗਨਵਾੜੀ ਵਰਕਰ
5. ਡਾਕਟਰ/ਫਿਜ਼ੀਸ਼ੀਅਨਜ਼
6. ਗੈਰ ਸਿਆਸੀ ਵਿਅਕਤੀ ਅਤੇ ਐਨ.ਜੀ.ਓ ਕਲੱਬ
7. ਔਰਤਾਂ ਦੇ ਸਵੈ-ਹੈਲਪ ਗਰੁੱਪ ਅਤੇ ਹੋਰ ਸ਼੍ਰੇਣੀਆਂ ਨਾਲ ਸਬੰਧਤ ਸਵੈ ਹੈਲਪ ਗਰੁੱਪ
8. ਪੜ੍ਹੇ -ਲਿਖੇ ਕੈਦੀ (ਚੰਗੇ ਆਚਰਣ ਵਾਲੇ) ਜੋ ਕਿ ਲੰਬੇ ਸਮੇਂ ਤੋਂ ਸਜਾ ਭੁਗਤ ਰਹੇ ਹਨ
9. ਕੋਈ ਵੀ ਅਜਿਹਾ ਵਿਆਕਤੀ ਜੋ ਕਿ ਜਿਲਾ ਕਾਨੂੰਨੀ ਸੇਵਾਵਾ ਅਥਾਰਟੀ ਅਤੇ ਸਬ-ਡਿਵੀਜਨ ਲੀਗਲ ਸਰਵਿਸਜ ਅਥਾਰਟੀ ਵੇਲੋਂ ਯੋਗ ਪਾਇਆ ਜਾਵੇਗਾ/ਜਾਵੇਗੀ

**ਨੋਟ:-**

1. ਬਿਨੈਕਾਰ ਵੱਲੋਂ ਬਿਨੈ ਪੱਤਰ ਦੇ ਨਾਲ ਇਕ ਸਵੈ-ਘੋਸ਼ਣਾ ਪੱਤਰ ਵੀ ਦਿੱਤਾ ਜਾਵੇ, ਜਿਸ ਵਿਚ ਬਿਨੈਕਾਰ ਵੱਲੋਂ ਇਹ ਲਿਖਿਆ ਜਾਵੇ ਕਿ ਉਸ ਤੇ ਕਿਸੇ ਵੀ ਤਰ੍ਹਾਂ ਦਾ ਦੀਵਾਨੀ ਜਾਂ ਫੌਜਦਾਰੀ ਕੇਸ ਕਿਸੇ ਵੀ ਅਦਾਲਤ ਵਿੱਚ ਨਹੀਂ ਚਲ ਰਿਹਾ ਅਤੇ ਨਾ ਹੀ ਉਹ ਕਿਸੇ ਵੀ ਤਰ੍ਹਾਂ ਦੀ ਰਾਜਨੀਤਿਕ ਪਾਰਟੀ ਨਾਲ ਸਬੰਧ ਰਖਦਾ ਹੈ। ਜਾਣਕਾਰੀ ਗਲਤ ਪਾਏ ਜਾਣ ਦੀ ਸੂਰਤ ਵਿਚ ਬਿਨੈਕਾਰ ਤੇ ਕਾਰਵਾਈ ਕੀਤੀ ਜਾਵੇਗੀ।
2. ਅਧੂਰੇ ਬਿਨੈ ਪੱਤਰਾਂ/ਐਪਲੀਕੇਸ਼ਨਜ਼ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਬਿਨਾਂ ਕਿਸੇ ਨੋਟਿਸ ਦੇ ਬਿਨੈ-ਪੱਤਰਾਂ / ਐਪਲੀਕੈਸ਼ਨਜ਼ ਰੱਦ ਕਰ ਦਿੱਤੀਆਂ ਜਾਣਗੀਆਂ।
3. ਬਿਨੈਕਾਰ ਨੂੰ ਇੰਟਰਵਿਊ ਲਈ ਬੁਲਾਏ ਗਏ ਦਿਨ ਦਾ ਕੋਈ ਟੀ.ਏ. /ਡੀ.ਏ. ਜਾਂ ਮਾਣਭੱਤਾ ਨਹੀਂ ਦਿੱਤਾ ਜਾਵੇਗਾ।

ਸਹੀ/-
ਧਰਮਿੰਦਰ ਪਾਲ ਸਿੰਗਲਾ,
ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ,
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
ਫਾਜਿਲਕਾ